# ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰਾਂ ਲਈ ਮਾਰਗਦਰਸ਼ਨ: ਕੋਵਿਡ-19 ਦੀ ਵਜਾਹ ਕਰਕੇ ਹੋਈ ਮੌਤ ਸਮੇਂ ਪ੍ਰਬੰਧ ਕਰਨਾ

ਸਤਿਕਾਰ ਯੋਗ ਪ੍ਰਧਾਨ / ਸਕੱਤਰ ਜੀ

20 ਅਪ੍ਰੈਲ 2020 ਨੂੰ ਸਰਕਾਰ ਨੇ ਮ੍ਰਿਤਕ ਦੀ ਸੰਭਾਲ ਅਤੇ ਅੰਤਿਮ ਸੰਸਕਾਰ ਪ੍ਰਕਿਰਿਆਵਾਂ ਬਾਰੇ ਨਵੀਨਤਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ । ਪੰਜਾਬੀ ਅਤੇ ਅੰਗਰੇਜ਼ੀ ਵਿਚ ਜ਼ਿਆਦਾ ਜਾਣਕਾਰੀ ਹੇਠ ਦਿਤੇ ਲਿੰਕ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ:

https://www.gov.uk/government/publications/covid-19-guidance-for-care-of-the-deceased.

## ਗੁਰਦੁਆਰਾ ਸਾਹਿਬ ਅਤੇ ਸਿੱਖ ਕੌਮ ਲਈ ਮੁੱਖ ਨੁਕਤੇ:

1. ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦੀ ਗਿਣਤੀ/ਸੰਖਿਆ ਤੇ ਪਾਬੰਦੀਆ: ਪਰਿਵਾਰ ਦੇ ਨਜ਼ਦੀਕੀ ਮੈਂਬਰ ਅਤੇ ਸਿਰਫ ਪਰਿਵਾਰ ਮੈਂਬਰ। ਉਹਨਾਂ ਨੂੰ ਹਰ ਸਮੇਂ ਸੁਰੱਖਿਅਤ 2 ਮੀਟਰ ਦੀ ਦੂਰੀ ਨੂੰ ਕਾਇਮ ਰੱਖਣ ਦੀ ਜਰੂਰਤ ਹੈ।

2. ਲਾਗ (infection) ਦਾ ਖਤਰਾ ਹੋਣ ਕਰਕੇ ਸਿਰਫ ਉਹ ਲੋਕ ਜੋ ਵਿਅਕਤੀਗਤ ਸੁਰੱਖਿਆ ਉਪਕਰਣਾ (Personal Protective Equipment) ਦੀ ਵਰਤੋਂ ਕਰਨ ਦੇ ਕਾਬਲ ਹਨ, ਉਨ੍ਹਾਂ ਲੋਕਾਂ ਦਾ ਹੀ ਮ੍ਰਿਤਕ ਨਾਲ ਸਿੱਧਾ ਸੰਪਰਕ ਹੋਣਾ ਚਾਹੀਦਾ ਹੈ । ਇਹ ਸਮੇਂ ਦੇ ਸਿੱਖਿਅਤ ਫੀਊਨਰਲ ਡਾਇਰੈਕਟਰ (Funeral Director) ਹੋਣਗੇ ਜਿਨ੍ਹਾਂ ਨੂੰ ਸਿੱਖ ਪ੍ਰੰਪਰਾਵਾਂ ਬਾਰੇ ਤਕਰੀਬਨ ਜਾਣਕਾਰੀ ਹੈ ਅਤੇ ਉਹ ਮ੍ਰਿਤਕ ਨੂੰ ਸੰਵੇਦਨਸ਼ੀਲਤਾ ਅਤੇ ਸਤਿਕਾਰ ਨਾਲ ਤਿਆਰ ਕਰਨਗੇ।

3. ਅਫਸੋਸ ਕਰਨ ਵਾਲਿਆਂ ਨੂੰ ਵੀ ਅੰਤਿਮ ਸੰਸਕਾਰ ਤੇ ਆਉਣ ਅਤੇ ਜਾਣ ਵੇਲੇ ਸਮਾਜਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ।

4. ਕੁਝ ਹਾਲਾਤਾਂ / ਸਥਿੱਤੀਆਂ ਵਿਚ, ਬਹੁਤ ਸਾਰੀਆਂ ਮੌਤਾਂ ਹੋਣ ਕਾਰਨ ਜਾਂ ਜੋਖਮ (Infection) ਨੂੰ ਘਟ ਕਰਨ ਦੇ ਕਾਰਨਾਂ ਕਰਕੇ ਮ੍ਰਿਤਕ ਦੇਹ ਨੂੰ ਇੱਛਾ ਅਨੁਸਾਰ ਘਰ ਲਿਆਉਣਾ ਸੰਭਵ ਨਾ ਹੋਵੇ । ਅੰਤਿਮ ਸੰਸਕਾਰ ਨਿਰਦੇਸ਼ਕ (Funeral Director) ਦੀ ਸਲਾਹ ਲੈਣੀ ਸਭ ਤੋਂ ਚੰਗੀ ਹੋਵੇਗੀ ।

5. ਕ੍ਰਿਪਾ ਕਰਕੇ ਮ੍ਰਿਤਕ ਦੇਹਿ ਦੇ ਦਰਸ਼ਨ ਕਰਨ ਸਮੇਂ ਸਮਾਜਕ ਦੂਰੀ ਨੂੰ ਧਿਆਨ ਵਿਚ ਰੱਖਦੇ ਹੋਏ ਅੰਤਿਮ ਸੰਸਕਾਰ ਨਿਰਦੇਸ਼ਕ ਦੇ ਆਦੇਸ਼ਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ ।

6. ਅਫਸੋਸ ਕਰਨ ਵਲਿਆਂ ਨੂੰ ਆਮੋ-ਸਾਹਮਣੇ ਨੇੜੇ ਆਉਣਾ ਜਾਂ ਸਰੀਰਕ ਸੰਪਰਕ ਘਟ ਕਰਨਾ ਚਾਹੀਦਾ ਹੈ, ਉਦਾਹਰਣ ਵਜੋਂ ਇਕ ਦੂਜੇ ਨੂੰ ਗਲੇ ਲਗਾਉਣਾ ਬੇਸ਼ਰਤ ਕਿ ਉਹ ਇਕ ਹੀ ਪਰਿਵਾਰ ਦਾ ਹਿੱਸਾ ਹਨ, ਅਰਥਾਤ ਉਹ ਪਹਿਲਾਂ ਹੀ ਇਕ ਘਰ ਵਿਚ ਰਹਿ ਰਹੇ ਹਨ ।

7. ਅਫਸੋਸ ਕਰਨ ਵਾਲੇ ਜੋ ਜੋ ਹਾਜ਼ਰੀ ਭਰਦੇ ਹਨ ਉਨ੍ਹਾਂ ਨੂੰ ਸਮਾਜਕ ਦੂਰੀ ਬਾਰੇ ਸਲਾਹ ਦਿਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਵੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿ ਜੇ ਬੀਮਾਰ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ।

8. ਅਫਸੋਸ ਕਰਨ ਵਾਲੇ ਜੋ ਕਰੋਨਾ ਵਾਇਰਸ ਦੇ ਲੱਛਣਾ ਕਰਕੇ ਠੀਕ ਨਹੀਂ ਹਨ ਜਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਰੋਨਾ ਵਾਇਰਸ ਦੀ ਸੰਭਾਵਾ ਹੋਵੇ ਤਾਂ ਉਨ੍ਹਾਂ ਨੂੰ ਕਿਸੇ ਇਕੱਠ ਵਿਚ ਨਹੀਂ ਜਾਣਾ ਚਾਹੀਦਾ ।

9. ਬਹੁਤ ਸਾਰੀਆਂ ਸਥਿੱਤੀਆਂ ਵਿਚ ਮ੍ਰਿਤਕ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਚੋਂ ਕੋਈ ਉਸ ਦਾ ਵਾਰਿਸ (Next of Kin) ਹੋਵੇਗਾ; ਉਨ੍ਹਾਂ ਨੂੰ ਘਰੇਲੂ ਨਿਰਦੇਸ਼ਾਂ ( Household Guidance) ਅਨੁਸਾਰ ਆਪਣੇ ਆਪ ਨੂੰ ਇਕਾਂਤ (Self-isolate) ਵਿਚ ਰੱਖਣਾ ਹੋਵੇਗਾ । ਜਿੱਥੇ ਪਰਿਵਾਰਕ ਅਲਹਿਦਗੀ (ਇਕਾਂਤ) ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਸੰਸਕਾਰ ਹੋਣਾ ਤੈਅ ਹੋ ਜਾਂਦਾ ਹੈ (ਉਸ ਪਰਿਵਾਰ ਵਿਚ ਪਹਿਲੇ ਕੇਸ ਤੋਂ 14 ਦਿਨ) ਤਾਂ ਅਫਸੋਸ ਕਰਨ ਵਾਲਿਆਂ ਨੂੰ ਜੋ ਆਪਣੇ ਆਪ ਨੂੰ ਇਕਾਂਤ ਵਿਚ ਰੱਖ ਰਹੇ ਹਨ ਅਤੇ ਉਹ ਜੋ ਇਕਾਂਤ ਵਿਚ ਨਹੀਂ ਰੱਖ ਰਹੇ, ਆਪਸ ਵਿਚ ਨਹੀਂ ਮਿਲਣਾ ਚਾਹੀਦਾ ।

10. ਲਾਗ (Infection) ਜਿਆਦਾ ਨਾ ਫੈਲਣ ਦੇ ਖਤਰੇ ਨੂੰ ਘਟਾਉਣ ਲਈ ਵਿਅਕਤੀਆਂ/ਜਾਂ ਪਰਿਵਾਰਾਂ ਨੂੰ ਟੈਲੀਫੋਨ ਉਪਰ ਹੀ ਅਫਸੋਸ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

11. ਅਫਸੋਸ ਕਰਨ ਵਾਲਿਆਂ ਲਈ ਦੂਰ ਤੋਂ ਹੀ ਵਿਗਿਆਨਕ ਤਰੀਕੇ ਨਾਲ ਸਸਕਾਰ ਸੇਵਾ ਵਿਚ ਹਿੱਸਾ ਲੈਣ ਲਈ ਯੋਜਨਾਵਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

**ਗੁਰਦੁਆਰਾ ਸਾਹਿਬਾਨਾਂ ਲਈ ਵਿਚਾਰ ਅਧੀਨ:**

ਗ੍ਰੰਥੀ ਜੀ ਅਤੇ ਮ੍ਰਿਤਕ ਦੇ ਪਰਿਵਾਰ ਦੀ ਭਲਾਈ ਹਿੱਤ ਕੁੱਝ ਪ੍ਰਮੁੱਖ ਵਿਚਾਰ ਹੇਠਾਂ ਲਿਖੇ ਹਨ:

12. ਇਹ ਸਲਾਹ ਦਿਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਜੀ ਦਾ ਗ੍ਰੰਥੀ ਅੰਤਿਮ ਅਰਦਾਸ ਕਰਨ ਲਈ ਸਿੱਧੇ ਹੀ ਸਸਕਾਰ ਸਥਾਨ ਤੇ ਜਾਣ ਦਾ ਪ੍ਰਬੰਧ ਕਰਨ । ਮ੍ਰਿਤਕ ਅਤੇ ਪਰਿਵਾਰ ਬਾਰੇ ਸਾਰੀ ਜਾਣਕਾਰੀ ਪਹਿਲਾਂ ਹੀ ਟੈਲੀਫੋਨ ਉਪਰ ਲਈ ਜਾ ਸਕਦੀ ਹੈ।

13. ਸਹਿਜ ਪਾਠ ਸਿਰਫ ਗੁਰਦੁਆਰਾ ਸਾਹਿਬ ਵਿਖੇ ਹੀ ਪਰਿਵਾਰ ਦੇ ਘਟ ਤੋਂ ਘਟ ਮੈਂਬਰਾਂ ਦੀ ਹਾਜ਼ਰੀ ਵਿਚ ਰਖਵਾ ਦੇਣ ਚਾਹੀਦਾ ਹੈ ਅਤੇ ਸਿਹਤ ਅਰੋਗਤਾ, ਸਫਾਈ ਅਤੇ ਸਮਜਿਕ ਦੂਰੀ ਦੀਆਂ ਜਰੂਰਤਾਂ ਦਾ ਹਰ ਸਮੇਂ ਪਾਲਣ ਕਰਨਾ ਚਾਹੀਦਾ ਹੈ।

14. ਕਈ ਵਾਰ ਥੋੜੇ ਸਮੇਂ ਵਿਚ ਜਿਆਦਾ ਸਸਕਾਰ ਕਰਨੇ ਪੈਣ ਤਾਂ ਅਜਿਹੇ ਹਾਲਾਤਾਂ ਵਿਚ ਸਹਿਜ ਪਾਠ ਕਰਾਉਣਾ ਵਿਵਹਾਰਕ ਨਹੀਂ ਹੋਵੇਗਾ । ਅਜਿਹੇ ਖਾਸ ਹਾਲਾਤਾਂ ਵਿਚ ਅਤੇ ਮੌਜੂਦਾ ਮਹੌਲ ਵਿਚ ਹੇਠ ਲਿਖੇ ਵਿਕਲਪ ਤੇ ਵਿਚਾਰ ਕਰਨ ਦੀ ਸਲਾਹ ਦਿਤੀ ਜਾਂਦੀ ਹੈ । ਸਿਰਫ ਹੇਠਾਂ ਲਿਖੇ ਪਾਠ ਹੀ ਕਰਨ ਦੀ ਸਲਾਹ ਦਿਤੀ ਜਾਂਦੀ ਹੈ।

1) **ਅਲਾਹਣੀਆਂ, ਅੰਗ** 578
2) **ਰਾਮਕਲੀ ਸਦ, ਅੰਗ** 923
3) **ਅਨੰਦ ਸਾਹਿਬ** 6 **ਪੌੜੀਆਂ, ਅੰਗ** 917
4) **ਅਰਦਾਸ**

ਦੇਗ ਵੀ ਤਿਆਰ ਕੀਤੀ ਜਾਣੀ ਚਾਹੀਦੀ ਹੈ । ਜੋਖਮ ਨੂੰ ਘਟਾਉਣ ਲਈ, ਇਨ੍ਹਾਂ ਹਾਲਾਤਾਂ ਵਿਚ ਲੰਗਰ ਦੀ ਸੇਵਾ ਨ ਕਰਨ ਦੀ ਸਲਾਹ ਦਿਤੀ ਜਾਂਦੀ ਹੈ ।

ਸਹਿਜ ਪਾਠ ਬਾਅਦ ਵਿਚ ਕਿਸੇ ਸਮੇਂ ਕਰਵਾ ਲੈਣਾ ਚਾਹੀਦਾ ਹੈ ਜਾਂ ਜਦੋਂ ਰੋਗਾਣੂ /ਵਾਇਰਸ ਦੇ ਖਤਰੇ ਨਾਲ ਜੁੜੇ ਮਾਮਲਿਆਂ ਦਾ ਨਿਪਟਾਰਾ ਹੋ ਜਾਂਦਾ ਹੈ ।

**ਸਿੱਖ ਹੈਲਪ ਲਾਈਨ**
ਇਸ ਮੁਸ਼ਕਲ ਸਮੇਂ ਵਿਚ ਸਿੱਖ ਹੈਲਪ ਲਾਈਨ 24/7 ਉਪਲਬਧ ਹੈ ।
ਟੈਲੀਫੋਨ: 07999 004 363 / 0845 644 0704
ਜਾਂ ਈਮੇਲ: info@sikhhelpline.com

ਇਹ ਦਸਤਾਵੇਜ਼ ਅੱਗੇ ਹੋ ਕੇ ਕੰਮ ਕਰਨ ਵਾਲੇ ਗੁਰਦੁਆਰਿਆਂ ਅਤੇ ਵਿਅਕਤੀਆਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਤਿਆਰ ਕੀਤਾ ਗਿਆ।

ਸਤਿਕਾਰ ਕਮੇਟੀ ਯੂ ਕੇ
ਕੌਂਸਲ ਔਫ ਗੁਰਦੁਆਰਾਜ਼ ਸਾਊਥ ਈਸਟ, ਲੰਡਨ
ਸਿੱਖ ਸਟੱਡੀ ਫ਼ੋਰਮ, ਲੰਡਨ
ਸਲਾਹਕਾਰ ਵਿਅਕਤੀ